# ਸਿਫ਼ਾਰਸ਼ੀ ਦੁਆਵਾਂ

## ਲੂਕਾ 22:31-34

*''ਪਰ ਮੈਂ ਤੇਰੇ ਲਈ ਬੇਨਤੀ ਕੀਤੀ ਹੈ ਜੋ ਤੇਰੀ ਨਿਹਚਾ ਜਾਂਦੀ ਨਾ ਰਹੇ ਅਰ ਜਾਂ ਤੂੰ ਮੁੜੇ ਤਾਂ ਆਪਣਿਆਂ ਭਾਈਆਂ ਨੂੰ ਤਕੜੇ ਕਰੀਂ'' (ਲੂਕਾ 22:32)।*

ਮੈਨੂੰ ਦੁਆ ਕਰਨਾ ਨਹੀਂ ਆਉਂਦੀ। ਜੇ ਆਉਂਦਾ ਹੁੰਦੀ ਤਾਂ ਸ਼ਾਇਦ ਮੈਨੂੰ ਦੁਆ ਕਰਨ ਦੀ ਲੋੜ ਨਾ ਹੁੰਦੀ। ਮੈਨੂੰ ਦੁਆ ਕਰਨੀ ਨਹੀਂ ਆਉਂਦੀ; ਇਸ ਲਈ ਮੈਂ ਦੁਆ ਕਰਨੀ ਸਿਖਾ ਨਹੀਂ ਸਕਦਾ। ਥੋੜ੍ਹੀ ਜਿਹੀ ਆਉਂਦੀ ਹੈ; ਮੈਨੂੰ ਇਹ ਵੀ ਪਤਾ ਨਹੀਂ ਕਿ ਮੈਨੂੰ ਕੀ ਲਗਦਾ ਹੈ ਕਿ ਮੈਂ ਕੀ ਕਰਦਾ ਹਾਂ। ਐਨਾ ਪਤਾ ਹੈ ਕਿ *ਸਿਫ਼ਾਰਸ਼ੀ ਦੁਆ* ਕੀਤੀ ਜਾ ਸਕਦੀ ਹੈ ਭਾਵ ਇਹ ਕਿ ਅਸੀਂ ਇਕ ਦੂਜੇ ਲਈ ਦੁਆ ਕਰ ਸਕਦੇ ਹਾਂ। ਇਹ *ਭੈਭੀਤ ਕਰ ਦੇਣ ਵਾਲਾ* ਹੈ।

ਮੈਂ ਖ਼ੁਦਾ ਨਾਲ ਗੱਲ ਕਰ ਸਕਦਾ ਹਾਂ,
ਮੈਂ ਤੁਹਾਡੇ ਲਈ ਖ਼ੁਦਾ ਨਾਲ ਗੱਲ ਕਰ ਸਕਦਾ ਹਾਂ।
ਸਭ ਤੋਂ ਵੱਡੀ ਗੱਲ ਜੋ ਮੈਂ ਤੁਹਾਡੇ ਲਈ ਕਰ ਸਕਦਾ ਹਾਂ,
ਉਹ ਇਹ ਹੈ ਕਿ ਮੈਂ ਤੁਹਾਡੇ ਲਈ ਦੁਆ ਕਰ ਸਕਦਾ ਹਾਂ।

*ਜ਼ਬਰਦਸਤ!* ਇਸ ਪਾਠ ਵਿਚ ਦੁਆ ਦਾ ਸਾਰ ਅਤੇ ਦਿੱਕਤ ਭਾਵ ਦੂਜਿਆਂ ਲਈ ਸਿਫ਼ਾਰਸ਼ ਕਰਨਾ ਕਿਸੇ ਹੋਰ ਵੱਲੋਂ ਕਿਸੇ ਤੇ ਕਿਰਪਾ ਕਰਨਾ ਹੈ। ਇਕ ਔਰਤ ਨੇ ਇਸਦਾ ਬੜਾ ਵਧੀਆ ਮੁਲਾਂਕਣ ਕੀਤਾ ਹੈ, ''ਮੈਂ ਦੂਜਿਆਂ ਲਈ ਦੁਆ ਕਰਦੀ ਹਾਂ ਕਿਉਂਕਿ ਮੈਂ ਬਹੁਤ ਕਮਜ਼ੋਰ ਹਾਂ, ਉਨ੍ਹਾਂ ਨੂੰ ਬਹੁਤ ਲੋੜ ਹੈ, ਅਤੇ ਖ਼ੁਦਾ ਦੁਆਵਾਂ ਦਾ ਜਵਾਬ ਦਿੰਦਾ ਹੈ।'' *ਆਮੀਨ!* ਮੇਰੀ ਦੁਆ ਤੁਹਾਨੂੰ ਕਿਵੇਂ ਬਦਲ ਸਕਦੀ ਹੈ? ਭਲਾ ਇਹ ਨਿੱਜੀ ਅਜ਼ਾਦੀ ਤੇ ਹਮਲਾ ਨਹੀਂ ਹੈ? ਸਿਫ਼ਾਰਸ਼ੀ ਦੁਆ ਵਿਚ ਖ਼ੁਦਾ ਦੀ ਸੰਪ੍ਰਭੂਤਾ ਅਤੇ ਮਨੁੱਖ ਦੀ ਬੇਹਤਰੀਨ ਭਾਵਨਾ ਹੁੰਦੀ ਹੈ। ਦੂਸਰਿਆਂ ਲਈ ਦੁਆ ਕਰਨਾ ਸਭ ਤੋਂ ਸੰਜੀਦਾ, ਪ੍ਰਮਾਰਥ, ਆਦਰਸ਼ ਅਤੇ ਨਿਰਸੁਆਰਥ ਕੰਮ ਹੈ। ਇਸ ਵਿਚ ਖ਼ੁਦਾ ਅਤੇ ਇਨਸਾਨ ਦੋਵੇਂ ਆਪਣਾ ਪੂਰੀ ਵਾਹ ਲਾ ਦਿੰਦੇ ਹਨ। ਸਭ ਤੋਂ ਵੱਡੀ ਦੁਆ ਆਪਣੇ ਲਈ ''ਮੈਨੂੰ ਦੇ ਦੇ'' ਦੀ ਸੂਚੀ ਨਹੀਂ, ਬਲਕਿ ਦੂਜਿਆਂ ਲਈ ਨਿਸ਼ਕਪਟ ਦੁਆਵਾਂ ਹਨ। ਆਪਣੀਆਂ ਦੁਆਵਾਂ ਦਾ ਮੁਲਾਂਕਣ ਕਰੋ। ਉਹ ਦੁਆਵਾਂ ਤੁਹਾਡੇ ਲਈ ਹਨ ਜਾਂ ਦੂਜਿਆਂ ਲਈ? ਸਿਫ਼ਾਰਸ਼ੀ ਦੁਆਵਾਂ ਸਾਡੀਆਂ ਸਭ ਤੋਂ ਵੱਧ ਉਤਸ਼ਾਹੀ ਦੁਆਵਾਂ ਹੁੰਦੀਆਂ ਹਨ। ਕਿਸੇ ਦੀ ਸਿਫ਼ਾਰਸ਼ ਕਰਨਾ ਵਿਆਪਕ ਅਧਾਰ ਵਾਲਾ ਇਕ ਪੁਰਾਣਾ ਪ੍ਰਭਾਵ ਹੈ। ਇਹ ਸਾਡੀ ਰੂਹ ਦਾ ਐਕਸ-ਰੇ ਵੀ ਹੈ। ਮੈਂ ਖ਼ੁਦਾ ਨੂੰ ਦੂਜਿਆਂ ਦੇ ਬਦਲਣ ਲਈ ਕਿਵੇਂ ਕਹਿ ਸਕਦਾ ਹਾਂ ਜਦ ਮੈਂ ਖ਼ੁਦ ਬਦਲਣ ਨੂੰ ਤਿਆਰ ਨਹੀਂ ਹਾਂ? ਇਸ ਲਈ ਇਨ੍ਹਾਂ ਪਾਠਾਂ ਨੂੰ ਲਿਖਣਾ ਔਖਾ ਹੈ। ਦੁਆ ਖ਼ੁਦਾ ਤੋਂ ਮਦਦ ਮੰਗਣਾ ਹੀ ਨਹੀਂ, ਪਰਿਵਾਰ ਲਈ ਵਚਨਬੱਧਤਾ ਵੀ ਹੈ।

ਐ ਖ਼ੁਦਾ, ਦੁਆ ਕਰਨ ਲਈ ਮੇਰੀ ਮਦਦ ਕਰ, ਕਿਉਂਕਿ
ਮੈਂ ਆਪਣੇ ਆਪ ਦੁਆ ਨਹੀਂ ਕਰ ਸਕਦਾ।

''ਮੇਰੇ ਵਿਚ ਮੇਰਾ ਕੁਝ ਨਾ ਰਹਿਣ ਦੇ।'' ਹੋ ਸਕਦਾ ਹੈ ਕਿ ਸਿਫ਼ਾਰਸ਼ੀ ਦੁਆ ਨਾਲ ਦੂਜੇ ਲੋਕ

ਨਾ ਬਦਲਣ, ਪਰ ਇਹ ਮੈਨੂੰ ਜ਼ਰੂਰ ਬਦਲ ਦੇਵੇਗੀ। ਅਸੀਂ ਦੁਆ ਕਰਨ ਵਿਚ ਇੰਨੀ ਲਾਪਰਵਾਹੀ ਕਿਉਂ ਕਰਦੇ ਹਾਂ? ਇਸ ਤੋਂ ਰੂਹਾਨੀ ਹੋਣ ਦਾ, ਸਾਡੇ ਆਮ ਭੈਅ ਦਾ, ਡੂੰਘੀ ਦੋਸਤੀ ਦੀ ਸਾਡੀ ਘਾਟ ਦਾ ਅਤੇ ਰੂਹਾਨੀ ਜ਼ਿੰਦਗੀ ਵਿਚ ਤਰੱਕੀ ਨਾ ਹੋਣ ਦਾ ਪਤਾ ਲਗਦਾ ਹੈ। ਸਿਫ਼ਾਰਸ਼ੀ ਦੁਆ ਲਈ ਡੂੰਘੀ ਦੋਸਤੀ ਦਾ ਹੋਣਾ ਜ਼ਰੂਰੀ ਹੈ। ਦਿਆਲੂ ਰਹਿਮਦਿਲ ਅਤੇ ਪ੍ਰੇਮ ਕਰਨ ਵਾਲੇ ਹੋਣ ਲਈ ਸਿਫ਼ਾਰਸ਼ ਕਰਨਾ ਜ਼ਰੂਰੀ ਹੈ। ਵਿਆਹੁਤਾ ਜ਼ਿੰਦਗੀ ਦੀਆਂ ਮੁਸ਼ਕਿਲਾਂ ਵਿਚ ਲੋਕ ਦੁਆ ਕਰਦੇ ਹਨ, ''ਐ ਖ਼ੁਦਾ, ਮੇਰੀ ਪਤਨੀ/ਮੇਰੇ ਪਤੀ ਦੀ ਜ਼ਿੰਦਗੀ ਬਦਲ ਦੇ।'' ਸੱਚੀ ਸਿਫ਼ਾਰਸ਼ੀ ਦੁਆ ਵਿਚ ਕਿਹਾ ਜਾਂਦਾ ਹੈ, ''ਐ ਮੇਰੀ ਜ਼ਿੰਦਗੀ ਬਦਲ ਦੇ; *ਪਹਿਲਾਂ* ਮੈਨੂੰ ਬਦਲ!'' ''ਤੇਰੀ ਮਰਜ਼ੀ ਪੂਰੀ ਹੋਏ'' ਕਿਸੇ ਵੈਰਾਗੀ ਦਾ ਆਤਮ-ਸਮਰਪਣ ਨਹੀਂ ਹੈ। ਦੁਆ ਨਾਲ ਹਾਲਾਤ ਆਪਣੇ ਆਪ ਨਹੀਂ ਬਦਲਦੇ। ਬਦਲਦਾ ਖ਼ੁਦਾ ਹੀ ਹੈ। ਖ਼ੁਦਾ ਹਾਲਾਤ ਨੂੰ ਬਦਲ ਸਕਦਾ ਹੈ ਪਰ ਸਾਨੂੰ ਬਦਲ ਕੇ ਉਸ ਨੂੰ ਖੁਸ਼ੀ ਮਿਲਦੀ ਹੈ। ਦੁਆ ਕਰਨ ਦਾ ਮਤਲਬ ਜ਼ਿੰਦਗੀ ਨੂੰ ਬਦਲਣਾ ਹੈ। ਸੱਚੀ ਦੁਆ ਪ੍ਰੇਮ ਹੀ ਤਾਂ ਹੈ। ''ਪ੍ਰੇਮੀ ਆਦਮੀ, ਬੇਹਤਰ ਢੰਗ ਨਾਲ ਦੁਆ ਕਰਦਾ ਹੈ।'' ਲੂਕਾ 22:31-34 ਵਿਚ ਮਸੀਹ ਨੇ ਪਤਰਸ ਲਈ ਦੁਆ ਕੀਤੀ। ਇਸ ਦੁਆ ਨਾਲ ਪਤਰਸ ਡਿੱਗਣ ਤੋਂ ਤਾਂ ਨਹੀਂ ਬਚਿਆ, ਪਰ ਉਹ ਵਾਪਸ ਆ ਗਿਆ! ਅਗਲਾ ਸਵਾਲ ਹੈ ਕਿ '' ਕੀ ਮਸੀਹ ਨੇ ਯਹੂਦਾ ਲਈ ਵੀ ਉਸੇ ਹੀ ਤਰ੍ਹਾਂ ਦੁਆ ਕੀਤੀ ਜਿਵੇਂ ਉਸਨੇ ਪਤਰਸ ਲਈ ਕੀਤੀ ਸੀ?'' ਇਹ ਗੱਲ ਸਾਡਾ ਧਿਆਨ ਸਿਫ਼ਾਰਸ਼ੀ ਦੁਆ ਵਿਚ ਆਉਣ ਵਾਲੀ ਦਿੱਕਤ ਵੱਲ ਲੈ ਜਾਂਦੀ ਹੈ। ਯਿਸੂ ਨੇ ਇਹ ਪਰਗਟ ਕਰਕੇ ਕਿ ਪਤਰਸ ਡਿੱਗੇਗਾ, ਦੁਆ ਕੀਤੀ ਕਿ ਉਹ ਨਾ ਡਿੱਗੇ! ਸਾਡੀਆਂ ਸਭ ਤੋਂ ਵੱਡੀਆਂ ਦੁਆਵਾਂ ਦੂਜਿਆਂ ਲਈ ਹੀ ਹੁੰਦੀਆਂ ਹਨ!

## ਸਿਫ਼ਾਰਸ਼ੀ ਦੁਆ ਵਚਨ ਦੇ ਮੁਤਾਬਕ ਹੈ

ਬਾਈਬਲ ਦੇ ਪਹਿਲੇ ਭਾਗ ਵਿਚ ਧਰਮੀ ਅੱਯੂਬ ਸਿਫ਼ਾਰਸ਼ੀ ਦੁਆ ਦਾ ਮਹੱਤਵ ਸਮਝਾਉਂਦਾ ਅਤੇ ਇਸ ਨੂੰ ਕਰਦਾ ਹੈ। ਉਹ ਰੋਜ਼ ਆਪਣੇ ਬੱਚਿਆਂ ਲਈ ਬੇਨਤੀ ਕਰਦਾ ਸੀ (ਅੱਯੂਬ 1:5)। ਉਸ ਦੇ ਤਿੰਨ ਦੋਸਤਾਂ ਨੂੰ ਖ਼ੁਦਾ ਨੇ ਅੱਯੂਬ ਦੀਆਂ ਦੁਆਵਾਂ ਕਰਕੇ ਹੀ ਮਾਫ਼ ਕੀਤਾ ਸੀ (ਅੱਯੂਬ 42:7-9)।

ਸਾਨੂੰ ਮੂਸਾ ਦੀਆਂ ਗੰਭੀਰ ਦੁਆਵਾਂ ਨੂੰ ਨਹੀਂ ਭੁੱਲਣਾ ਚਾਹੀਦਾ। ਉਸ ਦੇ ਮਹਾਨ ਗੁਣ ਉਸਨੂੰ ਦੂਜਿਆਂ ਨਾਲੋਂ ਵੱਖਰਾ ਕਰਦੇ ਹਨ। ਪਰ ਉਸ ਦੀ ਦੁਆਈਆ ਜ਼ਿੰਦਗੀ ਦਾ ਤਾਂ ਮੁਕਾਬਲਾ ਹੀ ਨਹੀਂ ਕੀਤਾ ਜਾ ਸਕਦਾ। ਆਪਣੀਆਂ ਦੁਆਵਾਂ ਵਿਚ ਸੁਧਾਰ ਲਿਆਉਣ ਲਈ ਮੂਸਾ ਦੀ ਜ਼ਿੰਦਗੀ ਦਾ ਅਧਿਐਨ ਕਰੋ, ਕੂਚ 32 ਅਧਿਆਇ ਖ਼ੁਦਾ ਨੂੰ ਪਰਗਟ ਕਰਦਾ ਹੈ। ਇਹ ਮੂਸਾ ਨੂੰ ਵਿਖਾਉਂਦਾ ਹੈ! ਇਹ ਦੁਆ ਨੂੰ ਵਿਖਾਉਂਦਾ ਹੈ! ਇਸਰਾਏਲੀਆਂ ਨੇ ਸੀਨਈ ਤੇ ਬਗ਼ਾਵਤ ਕਰਕੇ ਪਾਪ ਕੀਤਾ ਸੀ ਅਤੇ ਹਾਰੂਨ ਤੋਂ ''ਸੋਨੇ ਦਾ ਵੱਛਾ'' ਬਣਵਾਇਆ। ਲੋਕ ਜਦ ਪਾਪ ਕਰਦੇ ਹਨ ਤਾਂ ਖ਼ੁਦਾ ਦਾ ਕਹਿਰ ਪਰਗਟ ਹੁੰਦਾ ਹੈ। ਖ਼ੁਦਾ ਨੇ ਮੂਸਾ ਨੂੰ ਦੱਸਿਆ ਕਿ ਉਹ ਇਸਰਾਏਲੀਆਂ ਨੂੰ ਆਪਣੇ ਕਹਿਰ ਨਾਲ ਭਸਮ ਕਰਕੇ ਅਬਰਾਹਾਮ ਦੀ ਥਾਂ ਮੂਸਾ ਤੋਂ ਇਕ ਨਵੀਂ ਕੌਮ ਖੜੀ ਕਰੇਗਾ। ਇਹ ਗੱਲ ਵਿਚਾਰ ਕਰਨ ਵਾਲੀ ਹੈ। ਸ਼ਕਤੀ, ਰੁਤਬਾ ਅਤੇ ਈਨਾਮ ਪਾਉਣ ਤੋਂ ਇਨਕਾਰ ਕਰਨਾ ਬੜਾ ਔਖਾ ਹੁੰਦਾ ਹੈ। ਸਿਆਸਤ ਵਿਚ ''ਗੱਦੀ ਦਾ ਮੋਹ'' ਛੁਡਾਉਣ ਦਾ ਕੋਈ ਤਰੀਕਾ ਨਹੀਂ ਹੈ। ਮੂਸਾ ਨੇ ਹਿੰਮਤ ਕਰਕੇ ... ਜੋਖਿਮ ਚੁੱਕਿਆ .. ਖ਼ੁਦਾ ਦਾ ''ਸਾਹਮਣਾ'' ਕੀਤਾ (1) ਉਸਨੇ ਨਵਾਂ ਰੁਤਬਾ ਪਾਉਣ ਤੋਂ ਇਨਕਾਰ ਕਰ ਦਿੱਤਾ। (2) ਉਸਨੇ ਖ਼ੁਦਾ ਨੂੰ ਬਾਈਬਲ ਦੀ ਗੱਲ ਦੱਸੀ। (ਜੋ ਇਕ ਨਿਰਾਲਾ ਢੰਗ ਸੀ)। ਉਸ ਨੇ ਖ਼ੁਦਾ ਨੂੰ ਯਾਦ ਦੁਆਇਆ ਕਿ ਉਸਦਾ ਵਾਅਦਾ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਸੀ। (3) ਮੂਸਾ ਖ਼ੁਦਾ ਨੂੰ ਕਿੰਨੀ ਚੰਗੀ ਤਰ੍ਹਾਂ ਨਾਲ ਜਾਣਦਾ ਸੀ। ਉਸਨੇ ਖ਼ੁਦਾ ਨੂੰ ਆਪਣੇ ਕਹਿਰ ਤੋਂ ਚੌਕਸ ਹੋਣ ਅਤੇ ਮੁੜਨ ਲਈ ਯਾਦ ਦੁਆਇਆ, ਮਨੁੱਖ ਖ਼ੁਦਾ ਨੂੰ ਬੁਰਾ ਭਲਾ ਆਖ ਰਿਹਾ ਸੀ। (4) ਖ਼ੁਦਾ ਨੇ ਆਪਣਾ ਇਰਾਦਾ ਬਦਲ ਲਿਆ (ਮੂਸਾ ਨੇ ਨਹੀਂ)! *ਹੈ ਨਾ ਯਕੀਨੋਂ ਬਾਹਰਾ!* ਮੂਸਾ ਜਿੱਤ ਗਿਆ,

ਕਿਉਂਕਿ ਮੂਸਾ ਸੱਚਾ ਸੀ ਅਤੇ ਉਹ ਆਪਣੇ ਲੋਕਾਂ ਨਾਲ ਪਿਆਰ ਕਰਦਾ ਸੀ। ਖ਼ੁਦਾ ਨੇ ਇੱਜ਼ਤ ਅਤੇ ਇਸਰਾਏਲੀਆਂ ਦੇ ਛੁਟਕਾਰੇ ਲਈ ਉਹ ਦਿੱਤਾ ਸੀ। ਇਸਦੇ ਇਲਾਵਾ ਇਸਰਾਏਲੀਆਂ ਨੂੰ ਸਜ਼ਾ ਦਿੱਤੀ ਸੀ ਅਤੇ ਫਿਰ ਉਨ੍ਹਾਂ ਨੂੰ ਬਚਾ ਲਿਆ ਗਿਆ ਸੀ; ਫਿਰ ਵੀ ਉਹ ਖ਼ੁਦਾ ਅਤੇ ਮੂਸਾ ਵਿਚਕਾਰ ਹੋਈ ਗੱਲਬਾਤ ਬਾਰੇ ਕੁਝ ਨਹੀਂ ਜਾਣਦੇ ਸਨ। ਉਨ੍ਹਾਂ ਨੂੰ ਖ਼ੁਦਾ ਦੇ ਕਹਿਰ ਦੀ ਹੱਦ ਦਾ ਪਤਾ ਨਹੀਂ ਲੱਗਾ, ਨਾ ਹੀ ਉਨ੍ਹਾਂ ਨੇ ਮੂਸਾ ਦੀ ਦੁਆ ਵੱਲ ਧਿਆਨ ਦਿੱਤਾ!

ਸਾਡੀ ਜ਼ਿੰਦਗੀ ਦੂਜਿਆਂ ਦੀਆਂ ਦੁਆਵਾਂ ਤੋਂ ਕਿੰਨੀ ਪ੍ਰਭਾਵਿਤ ਹੁੰਦੀ ਹੈ? ਮੇਰੇ ਲਈ ਦੁਆ ਕਰੋ! ਮੂਸਾ ਨੇ ਨਾ ਸਿਰਫ਼ ਆਪਣੇ ਲੋਕਾਂ ਨੂੰ ਬਚਾਇਆ ਬਲਕਿ ਦੁਆ ਨਾਲ ਉਹ ਆਪਣੇ ਭਰਾ ਹਾਰੂਨ ਅਤੇ ਭੈਣ ਮਰੀਅਮ ਨੂੰ ਵੀ ਵਾਪਸ ਲੈ ਆਇਆ (ਗਿਣਤੀ 12:13)। ਗਿਣਤੀ 14:13–19 ਵਿਚ ਮੂਸਾ ਨੇ ਫੇਰ ਇਸਰਾਏਲੀਆਂ ਨੂੰ ਬਚਾਇਆ ਜਦ ਉਨ੍ਹਾਂ ਨੇ ਵਿਰੋਧ ਕੀਤਾ, ਤਾਂ ਮੂਸਾ ਨੇ ਦੁਆ ਕੀਤੀ ਅਤੇ ਖ਼ੁਦਾ ਨੇ ਮਾਫ਼ ਕਰ ਦਿੱਤਾ। ਮੂਸਾ ਦੀ ਸੇਵਕਾਈ ਵਿਚ ਸਾਨੂੰ ਦੁਆ ਦੀਆਂ ਪੰਝੀ ਘਟਨਾਵਾਂ ਪੜ੍ਹਣ ਨੂੰ ਮਿਲਦੀਆਂ ਹਨ।

ਅਜ਼ਰਾ ਅਤੇ ਨਹਮਯਾਹ ਨੇ ਆਪਣੇ ਪੁਰਖਿਆਂ ਅਤੇ ਆਪਣੀਆਂ ਕੌਮ ਦੇ ਪਾਪਾਂ ਨੂੰ ਮੰਨ ਕੇ ਅਰਜ਼ ਕੀਤੀ। ਯਿਸੂ ਨੇ ਪਤਰਸ ਲਈ ਦੁਆ ਕੀਤੀ। ਉਹ ਸਾਡੇ ਲਈ ਸਿਫ਼ਾਰਸ਼ ਕਰਨ ਲਈ ਅੱਜ ਵੀ ਜੀਉਂਦਾ ਹੈ (ਇਬਰਾਨੀਆਂ 7:25)। ਯਿਸੂ ਅੱਜ ਵੀ ਦੁਆ ਕਰਦਾ ਹੈ। ਸਾਡੇ ਵਾਸਤੇ! ਪਤਰਸ ਨੂੰ ਪਾਪ ਨਾਲ ਭਰੇ ਸ਼ਮਊਨ ਜਾਦੂਗਰ ਵਾਸਤੇ ਦੁਆ ਕਰਨ ਲਈ ਕਿਹਾ ਗਿਆ ਸੀ (ਰਸੂਲਾਂ ਦੇ ਕੰਮ 8:12–24)। ਰਸੂਲਾਂ ਦੇ ਕੰਮ 12 ਅਧਿਆਇ ਵਿਚ ਇਕ ਅਜੀਬ ਵਾਕਿਆ ਮਿਲਦਾ ਹੈ। ਯਾਕੂਬ ਸ਼ਹੀਦ ਹੋ ਚੁੱਕਿਆ ਸੀ ਅਤੇ ਪਤਰਸ ਜੇਲ੍ਹ ਵਿਚ ਸੀ। ਭਾਈ ਦੁਆ ਕਰਨ ਲਈ ਇਕੱਠੇ ਹੋਏ ਸਨ। ਖ਼ੁਦਾ ਨੇ ਯਾਕੂਬ ਦੀ ਮੌਤ ਹੋਣ ਦਿੱਤੀ। ਪਰ ਉਸ ਨੇ ਪਤਰਸ ਨੂੰ ਮਰਨ ਤੋਂ ਬਚਾ ਲਿਆ। ਪਤਰਸ ਨੂੰ ਫ਼ਰਿਸ਼ਤੇ ਦੇ ਰਾਹੀਂ ਬਚਾਇਆ ਗਿਆ। ਉਹ ਓਸੇ ਘਰ ਵਿਚ ਗਿਆ ਜਿੱਥੇ ਉਸ ਲਈ ਦੁਆਵਾਂ ਹੋ ਰਹੀਆਂ ਸਨ। ਸਿਰਫ਼ ਗੋਲੀ ਨੂੰ ਹੀ ਯਕੀਨ ਹੋਇਆ ਕਿ ਇਹ ਪਤਰਸ ਹੈ। ਇਸ ਤੋਂ ਦੁਆ ਦੇ ਕੁਝ ਅਣਸੁਲਝੇ ਪਹਿਲੂਆਂ ਦਾ ਪਤਾ ਲਗਦਾ ਹੈ।

ਯਾਕੂਬ ਨੇ ਇਕ ਦੂਜੇ ਅੱਗੇ ਆਪਣੀਆਂ ਗਲਤੀਆਂ ਮੰਨ ਲੈਣ ਅਤੇ ਇਕ ਦੂਜੇ ਲਈ ਦੁਆ ਕਰਨ ਲਈ ਕਿਹਾ (ਯਾਕੂਬ 5:13–16)। ਇਹ ਸਭ ਤੋਂ ਵਿਹਾਰਕ ਗੱਲ ਹੈ ਜੋ ਕਲੀਸੀਆ ਦੇ ਰੂਪ ਵਿਚ ਅਸੀਂ ਕਰ ਸਕਦੇ ਹਾਂ। ਸਾਨੂੰ ਆਪਣੇ ਦੁਸ਼ਮਣਾਂ ਨਾਲ ਪਿਆਰ ਕਰਨਾ ਅਤੇ ਉਨ੍ਹਾਂ ਲਈ ਦੁਆ ਕਰਨੀ ਚਾਹੀਦੀ ਹੈ (ਮੱਤੀ 5:43–48)। ਸਾਨੂੰ ਆਪਣੇ ਪ੍ਰਚਾਰਕਾਂ ਲਈ ਦੁਆ ਕਰਨੀ ਚਾਹੀਦੀ ਹੈ (1 ਥੱਸਲੁਨੀਕੀਆਂ 5:25)। ਕਲੀਸੀਆ ਵਿਚ ਦੁਆਹੀਣ ਬੈਂਚ ਸ਼ਕਤੀਹੀਣ ਪ੍ਰਚਾਰਕ ਦਾ ਕਾਰਣ ਬਣਦੇ ਹਨ। ਦੁਆ ਕਰਨ ਵਾਲੇ ਆਗੂ ਦੁਆ ਕਰਨ ਵਾਲੇ ਲੋਕ ਤਿਆਰ ਕਰ ਸਕਦੇ ਹਨ।

ਸੰਸਾਰ ਲਈ ਦੁਆ ਕਰੋ। ਜਾਗ੍ਰਿਤੀ ਲਈ ਦੁਆ ਕਰੋ। ਬਿਮਾਰਾਂ ਲਈ ਦੁਆ ਕਰੋ। ਜ਼ਿਆਦਾਤਰ ਅਸੀਂ ਦੁਆ ਬੜੀ ਘੱਟ ਕਰਦੇ ਹਾਂ: ''ਖ਼ੁਦਾਇਆ, ਤੂੰ ਜਾਣਦਾ ਹੈਂ ਕਿ ਉਹ ਕੌਣ ਹਨ।'' ਬੇਸ਼ੱਕ ਉਹ ਜਾਣਦਾ ਹੈ! ਮੇਰੇ ਲਈ ਦੁਆ ਕਰਨ ਲੱਗਿਆਂ ਕੀ ਤੁਸੀਂ ਮੇਰਾ ਨਾਮ ਲਵੋਗੇ? ਦੂਜਿਆਂ ਲਈ ਦੁਆ ਕਰਨਾ ਸਭ ਗੱਲਾਂ ਤੋਂ ਵੱਧ ਅਹਿਮ ਹੈ। ਅਸੀਂ ਭਾਈਆਂ ਨਾਲ ਓਨਾਂ ਹੀ ਪਿਆਰ ਕਰਦੇ ਹਾਂ, ਜਿੰਨੀ ਉਨ੍ਹਾਂ ਲਈ ਦੁਆ ਕਰਦੇ ਹਾਂ।

ਦੁਆ ਕਰਨਾ ਬੰਦ ਕਰਨ ਦਾ ਸਮਾਂ ਹੁੰਦਾ ਹੈ। *ਭੈਭੀਤ ਕਰਨ ਵਾਲਾ!* ਮੂਸਾ ਅਤੇ ਸਮੂਏਲ ਨੇ ਆਪਣੇ ਲੋਕਾਂ ਲਈ ਕਾਮਯਾਬੀ ਨਾਲ ਦੁਆ ਕੀਤੀ। ਪਰ ਖ਼ੁਦਾ ਨੇ ਯਿਰਮਿਯਾਹ ਨੂੰ ਦੱਸਿਆ ਕਿ ਜੇ ਮੂਸਾ ਅਤੇ ਸਮੂਏਲ ਵੀ ਇਸਰਾਏਲੀਆਂ ਲਈ ਦੁਆ ਕਰਦੇ, ਤਾਂ ਉਹ ਲੋਕਾਂ ਦੇ ਪਾਪਾਂ ਕਰਕੇ ਉਨ੍ਹਾਂ ਦੀ ਨਾ ਸੁਣਦਾ (ਯਿਰਮਿਯਾਹ 15:1)। ਪਾਪ ਨਾਲ ਸਖ਼ਤ ਹੋਈ ਜ਼ਿੰਦਗੀ ਵਿਚ ਇਕ ਸਮਾਂ ਆਉਂਦਾ ਹੈ ਜਦ ਲਗਦਾ ਹੈ ਕਿ ਨਾ ਦਯਾ ਅਸਰ ਕਰ ਸਕਦੀ ਹੈ ਅਤੇ ਨਾ ਦੁਆ। ਖ਼ੁਦਾ ਨੇ ਯਿਰਮਿਯਾਹ

ਨੂੰ ਬਾਰ ਬਾਰ ਦੱਸਿਆ ਕਿ ਉਹ ਇਸਰਾਏਲੀਆਂ ਲਈ ਦੁਆ ਨਾ ਕਰੇ। ਯਿਰਮਿਯਾਹ ਦੁਆ ਕਰਨੀ ਚਾਹੁੰਦਾ ਸੀ, ਪਰ ਖ਼ੁਦਾ ਨੇ ਉਸ ਨੂੰ ਰੋਕ ਦਿੱਤਾ। ਬਾਈਬਲ ਦੇ ਸਭ ਤੋਂ ਔਖੇ ਅਧਿਆਇਆਂ ਵਿੱਚੋਂ ਇਕ ਵਿਚ ਯੂਹੰਨਾ ਨੇ ਕੁਝ ਲੋਕਾਂ ਲਈ ਦੁਆ ਕਰਨ ਅਤੇ ਦੂਜਿਆਂ ਕਈਆਂ ਲਈ ਦੁਆ ਨਾ ਕਰਨ ਲਈ ਕਿਹਾ (1 ਯੂਹੰਨਾ 5:16)। ਇਸ ਆਇਤ ਦਾ ਗਹਿਰਾਈ ਨਾਲ ਅਧਿਐਨ ਕਰੋ। ਜਦ ਤਕ ਪਾਪ ਨਾਲ ਸਖ਼ਤ ਹੋਇਆ ਉਹ ਸਮਾਂ ਨਹੀਂ ਆਉਂਦਾ, ਤਦ ਤਕ ਉਵੇਂ ਹੀ ਕਰੋ ਜਿਵੇਂ ਬਜ਼ੁਰਗ ਸਮੂਏਲ ਨੇ ਕੀਤਾ ਸੀ, ਫਿਰ ਦੁਆ ਕਰੋ! ਦੁਆ ਦੁਨੀਆ ਨੂੰ ਬਦਲਣ ਵਾਸਤੇ ਘੱਟ ਪਰ ਆਪਣੇ ਆਪ ਨੂੰ ਬਦਲਣ ਲਈ ਬਹੁਤੀ ਹੈ।

## ਮਸੀਹ ਦੀ ਮਿਸਾਲ

ਤੁਹਾਨੂੰ ਦੁਆ ਕਰਨੀ ਕਿਵੇਂ ਆਈ? ਤੁਸੀਂ ਇਹ ਕਿੱਥੋਂ ਸਿੱਖੀ? ਮਸੀਹੀ ਲੋਕ ਦੁਆ ਕਰਨਾ ਸਿੱਖਣ ਲਈ ਬਾਈਬਲ ਕੋਲ ਆਉਂਦੇ ਹਨ। ਅਸੀਂ ਯਿਸੂ ਤੋਂ ਜੋ ''ਦੁਆ ਕਰਨ ਵਾਲਾ ਬੰਦਾ'' ਹੈ, ਸਿੱਖਦੇ ਹਾਂ। ਉਸਨੇ ਪੂਰੀ ਰਾਤ ਦੁਆ ਕੀਤੀ (ਲੂਕਾ 6:12)। ਦੁਆ ਯਿਸੂ ਨੂੰ ਜਾਣਨਾ ਹੈ। ਉਸਨੇ ਦੂਜਿਆਂ ਲਈ, ਖਾਸ ਕਰਕੇ ਉਨ੍ਹਾਂ ਬਾਰ੍ਹਾਂ ਲਈ ਦੁਆ ਕੀਤੀ। ਯੂਹੰਨਾ 17 ਵਿਚ ਫੇਰ ਨਾ ਸਿਰਫ਼ ਉਨ੍ਹਾਂ ਬਾਰ੍ਹਾਂ ਲਈ ਬਲਕਿ ਸਾਡੇ ਸਭ ਲਈ ਵੀ ਉਹੀ ਦੁਆ ਕੀਤੀ। ਉਸ ਨੇ ਦੁਆ ਕੀਤੀ ਕਿ ਅਸੀਂ ਸਭ ਇਕ ਹੋਈਏ। ਸੰਸਾਰ ਨੂੰ ਉਦੋਂ ਤਕ ਜਿੱਤਿਆ ਨਹੀਂ ਜਾ ਸਕਦਾ, ਜਦ ਤਕ ਕਲੀਸੀਆ *ਇਕ* ਨਹੀਂ ਹੁੰਦੀ! (ਤਦ ਤਕ ਦੁਆ ਕਰੋ ਜਦ ਤਕ ਕਰ ਸਕਦੇ ਹੋ।)

ਲੂਕਾ 22 ਅਧਿਆਇ ਵਿਚ ਵਾਪਸ ਆਉਂਦੇ ਹਾਂ। ਮਸੀਹ ਨੇ ਪਤਰਸ ਲਈ ਦੁਆ ਕੀਤੀ, ਜਦਕਿ ਉਸ ਨੂੰ ਪਤਾ ਸੀ ਕਿ ਉਹ ਡਿੱਗੇਗਾ। ਇਹ ਸਿਫ਼ਾਰਸ਼ੀ ਦੁਆ ਦੀ ਦੁਵਿਧਾ ਨੂੰ ਦਰਸਾਉਂਦਾ ਹੈ। ਖ਼ੁਦਾ ਦੀ ਸੰਪ੍ਰਭੁਤਾ ਮਨੁੱਖ ਦੀ ਨੈਤਿਕਤਾ ਦਾ ਉਲੰਘਣ ਨਹੀਂ ਕਰੇਗੀ। ਮੇਰੀ ਇੱਛਾ ਕਿਸੇ ਦੂਜੇ ਦੇ ਵਿਵੇਕ ਤੇ ਹਾਵੀ ਨਹੀਂ ਹੁੰਦੀ। ਦੁਆ ਨੂੰ ਜਾਦੂ ਦੀ ਛੜੀ ਨਾ ਸਮਝੋ, ਜਿਸ ਨਾਲ ''ਮੇਰੀ ਪਤਨੀ ਜਾਂ ਮੇਰਾ ਪਤੀ ਅੱਜ ਹੀ ਸੁਧਰ ਜਾਵੇ!''; ''ਅੱਜ ਚੀਨ ਵਿਚ ਲੱਖਾਂ ਮਿਸ਼ਨਰੀ ਭੇਜ ਦੇ!'' ਇਹ ਨੂੰ ਨਾ ਨਿਹਚਾ ਅਤੇ ਨਾ ਦੁਆ ਹੀ ਮੰਨਿਆ ਜਾਵੇਗਾ। ਇਹ ਜਾਦੂ ਹੈ, ਬੰਦਗੀ ਨਹੀਂ। ਇਹ ਯਿਸੂ ਨੂੰ ਪ੍ਰਭੂ ਮੰਨ ਕੇ ਉਸ ਦੇ ਅਧੀਨ ਹੋਣਾ ਨਹੀਂ, ਬਲਕਿ ਸ਼ਕਤੀ ਪ੍ਰਦਰਸ਼ਣ ਹੈ। ਇਹ ਖ਼ੁਦਾ ਨਾਲ ਨਜ਼ਦੀਕੀ ਸਬੰਧ ਨਹੀਂ, ਅੰਧਵਿਸ਼ਵਾਸ ਹੈ।

ਇਹੀ ਕਾਰਣ ਹੈ ਕਿ ਦੁਆ ''ਕਰਨ ਦੇ ਢੰਗ'' ਦੱਸਣ ਵਾਲੀਆਂ ਕਿਤਾਬਾਂ ਬੇਕਾਰ ਹੋ ਜਾਂਦੀਆਂ ਹਨ। ਮਸੀਹੀਅਤ ''ਥਿਓਲੋਜੀ ਦੀ ਸਮੱਗਰੀ'' ਨਹੀਂ, ਬਲਕਿ ਨਿਹਚਾ ਹੈ। ਦੁਆ ਕੋਈ ਵਧੀਆ ਸਮੱਗਰੀ, ਤਕਨੀਕ ਜਾਂ ਕੋਈ ਫ਼ਾਰਮੂਲਾ ਨਹੀਂ ਹੈ। ਦੁਆ ਤਾਂ ਖ਼ੁਦਾ ਅਤੇ ਉਸਦੀ ਇੱਛਾ ਦੇ ਅੱਗੇ ਝੁਕਣਾ ਹੈ। ਦੁਆ ਇਕ ਸੰਘਰਸ਼, ''ਰੂਹ ਦੀ ਅਰਾਮਗਾਹ'' ਹੈ। ਖ਼ੁਦਾ ਸਾਨੂੰ ਹਰ ਰੋਜ਼ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਨਾ ਨਹੀਂ, ਬਲਕਿ ਰੋਜ਼ ਮਰਨ ਦਾ ਪਿੱਛਾ ਕਰਨ ਲਈ ਆਖਦਾ ਹੈ (1 ਕੁਰਿੰਥੀਆਂ 15:31)। ਇੱਛਾਵਾਂ ਦੀ ਪੂਰਤੀ ਮੌਤ ਵੱਲ ਨੂੰ ਜਦ ਕਿ ਰੋਜ਼ ਮਰਨਾ ਜ਼ਿੰਦਗੀ ਵੱਲ ਨੂੰ ਲੈ ਜਾਂਦਾ ਹੈ। ਖ਼ੁਦਾ ਦੀ ਦਿਲਚਸਪੀ ਸਾਡੇ ਸੁੱਖ ਦੀ ਬਜਾਇ ਸਾਡੀ ਪਵਿੱਤਰਤਾ ਵਿਚ ਹੈ।

*ਸਵਾਲ ਦਾ ਸਮਾਂ!* ਕੀ ਮੈਂ ਆਪਣੀ ਨਿੱਜੀ ਦੁਆ ਨਾਲ ਆਪਣੇ ਗੁਆਂਢੀ ਦੀ ਜ਼ਿੰਦਗੀ ਬਦਲ ਸਕਦਾ ਹਾਂ। ਕੀ ਮੈਨੂੰ ਉਸਦੇ ਬਾਵਜੂਦ ਉਸ ਲਈ ਦੁਆ ਕਰਨੀ ਚਾਹੀਦੀ ਹੈ? ਕੀ ਮੈਨੂੰ ਉਸ ਲਈ ਤਾਂ ਵੀ ਦੁਆ ਕਰਨੀ ਚਾਹੀਦੀ ਹੈ, ਜਦ ਉਹ ਮੈਨੂੰ ਉਸ ਲਈ ਦੁਆ ਨਾ ਕਰਨ ਲਈ ਕਹੇ? ਹਾਂ! ਸਭ ਲੋਕਾਂ ਲਈ ਸਭ ਥਾਂ ਦੁਆ ਕਰੋ (1 ਤਿਮੋਥਿਉਸ 2:1, 2)। ਤਦ ਵੀ ਦੁਆ ਕਰੋ ਜਦ ਉਹ ਪਾਪ ਕਰਦੇ ਹਨ (1 ਸਮੂਏਲ 12:23)। ਅਸੀਂ ਪੂਰੀ ਤਰ੍ਹਾਂ ਨਾਲ ਅਜ਼ਾਦ ਨਹੀਂ ਹਾਂ। ਲੋਕ ਇਕ ਦੂਜੇ ਲਈ ਸਮੁੰਦਰ ਕੰਢੇ ਪਏ ਕੰਕਰਾਂ ਨਾਲੋਂ ਵੀ ਬਹੁਤੇ ਮਿਲੇ ਹੋਏ ਹੁੰਦੇ ਹਨ। ਕੰਕਰ ਤਾਂ ਇਕ ਦੂਜੇ ਨੂੰ ਸਿਰਫ਼

ਛੂੰਹਦੇ ਹੀ ਹਨ। ਲੋਕਾਂ ਦਾ ਇਕ ਦੂਜੇ ਨਾਲ ਰਿਸ਼ਤਾ ਖੇਤ ਦੀਆਂ ਜੜ੍ਹਾਂ ਨਾਲੋਂ ਵੱਡਾ ਹੁੰਦਾ ਹੈ। ਕੋਈ ਵੀ ਗੱਲ, ਕੋਈ ਵੀ ਕਿਤਾਬ ਅਤੇ ਕੰਮ ਮੇਰੇ ਨਿੱਜੀ ਜ਼ਿੰਦਗੀ ਵਿਚ ਅਜ਼ਾਦੀ ਤੇ ਹਮਲਾ ਹਨ। ਅਸੀਂ ਇਕ ਦੂਜੇ ਦੀਆਂ ਦੁਆਵਾਂ ਤੇ ਨਿਰਭਰ ਕਿਉਂ ਨਹੀਂ ਹੁੰਦੇ?

ਦੁਸ਼ਮਣਾਂ ਲਈ ਦੁਆ ਕਰੋ (ਮੱਤੀ 5:44)। ਕਿਸੇ ਵੈਰੀ ਨਾਲ ਨਫ਼ਰਤ ਕਰਨ ਦੀ ਬਜਾਇ ਉਸ ਲਈ ਦੁਆ ਕਰੋ। ਸਿਫ਼ਾਰਸ਼ੀ ਦੁਆ ਇੰਜੀਲ ਦੇ ਪ੍ਰਚਾਰ ਦਾ ਹਿੱਸਾ ਹੈ। ਯਾਕੂਬ 5:16 ਕਹਿੰਦਾ ਹੈ, ''ਇਸ ਲਈ ਤੁਸੀਂ ਆਪੋ ਵਿੱਚੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਅਤੇ ਇਕ ਦੂਏ ਲਈ ਦੁਆ ਕਰੋ ਭਈ ਤੁਸੀਂ ਨਰੋਏ ਹੋ ਜਾਓ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ।'' ਦੁਆ ਅਤੇ ਉਪਾਅ ਦਾ ਬੜਾ ਮੇਲ ਹੈ (ਕੁਲੁੱਸੀਆਂ 4:3)। ਦੁਆਵਾਂ ਦਾ ਜਵਾਬ ਦੇ ਕੇ ਖ਼ੁਦਾ ਰਾਹ ਖੋਲ੍ਹ ਦਿੰਦਾ ਹੈ। ਦੁਆਵਾਂ ਨਾਲ ਭਲੇ ਕੰਮਾਂ ਵਿਚ ਮਜ਼ਬੂਤੀ ਮਿਲਦੀ ਹੈ (2 ਕੁਰਿੰਥੀਆਂ 1:11)। ਮਸੀਹ ਅਤੇ ਮਸੀਹੀਅਤ ਦੀ ਸਾਰ ਸਿਫ਼ਾਰਸ਼ ਕਰਨਾ ਹੈ।

## ਪੌਲੁਸ ਦੀ ਦੁਆਵਾਂ ਦੀ ਸੂਚੀ

ਸੰਸਾਰ ... ਅਮੀਰ, ਖ਼ੂਬਸੂਰਤ, ਮਸ਼ਹੂਰ ਦੀ ''ਸੂਚੀ'' ਨਾਲ ਖਿੱਚਿਆ ਜਾਂਦਾ ਹੈ। ਇਕ ਟੀ. ਵੀ. ਸਟਾਰ ਕੋਲ ਆਪਣੀ ''ਟਾਪ ਟੈੱਨ ਲਿਸਟ'' ਹੈ। ਅਜਿਹੀਆਂ ਲਿਸਟਾਂ ਜਾਂ ਸੂਚੀਆਂ ਦਿਲਚਸਪ ਲਗਦੀਆਂ ਹਨ, ਪਰ ਅਸਲ ਵਿਚ ਇਹ ਬੇਕਾਰ ਹੁੰਦੀਆਂ ਹਨ। ਪੌਲੁਸ ਕੋਲ ਇਕ ਸੂਚੀ ਸੀ। ਉਸਨੇ ਦੁਆਵਾਂ ਦੀ ਇਕ ਸੂਚੀ ਬਣਾ ਰੱਖੀ ਸੀ। ਕੀ ਤੁਸੀਂ ਜਾਣਨਾ ਚਾਹੋਗੇ ਕਿ ਉਸ ਦੀ ਸੂਚੀ ਵਿਚ ਕੌਣ ਕੌਣ ਸਨ? ਉਹ ਦੂਜਿਆਂ ਲਈ ਦੁਆਵਾਂ ਕਰਦਾ ਸੀ, ਉਹ ਉਨ੍ਹਾਂ ਨੂੰ ਆਪਣੇ ਲਈ ਦੁਆ ਕਰਨ ਲਈ ਕਹਿੰਦਾ ਸੀ (ਕੁਲੁੱਸੀਆਂ 4:3)। ਪੌਲੁਸ ਗੁਆਚੇ ਹੋਇਆਂ ਲਈ ਦੁਆਵਾਂ ਕਰਦਾ ਸੀ (ਰੋਮੀਆਂ 9; 10)। ਪੌਲੁਸ ਆਮ ਨਹੀਂ ਬਲਕਿ ਖਾਸ ਤੌਰ ਤੇ ਦੁਆਵਾਂ ਕਰਦਾ ਸੀ। ਉਹ ਭਰਾਵਾਂ ਅਤੇ ਕਲੀਸੀਆਵਾਂ ਨੂੰ ਉਨ੍ਹਾਂ ਦਾ ਨਾਮ ਲੈ ਕੇ ਬੁਲਾਉਂਦਾ ਸੀ।

ਉਹ ਭਾਈਆਂ ਲਈ ਦੁਆ ਕਰਦਾ ਸੀ। ਸੱਚੀ ਦੁਆ ਵਿਚ ਬਦਲੀ ਹੋਈ ਕਲੀਸੀਆ, ਕਲੀਸੀਆ ਨੂੰ ਬਦਲ ਦੇਵੇਗੀ। ਪੌਲੁਸ ਨੂੰ ਕਲੀਸੀਆ ਦੀ ਫ਼ਿਕਰ ਰਹਿੰਦੀ ਸੀ (2 ਕੁਰਿੰਥੀਆਂ 11:28)। ਉਹ ਦੁਆ ਕਰਦਾ ਸੀ; ਆਲੋਚਨਾ ਜਾਂ ਬਕਵਾਸ ਨਹੀਂ ਕਰਦਾ ਸੀ। ਸਾਨੂੰ ਐਲਡਰਾਂ, ਉਪਦੇਸ਼ਕਾਂ ਅਤੇ ਡੀਕਨਾਂ ਲਈ ਦੁਆ ਕਰਨੀ ਚਾਹੀਦੀ ਹੈ। ਸਿਖਾਉਣ ਵਾਲਿਓ, ਕੀ ਤੁਸੀਂ ਆਪਣੇ ਸਿੱਖਣ ਵਾਲਿਆਂ ਲਈ ਦੁਆ ਕਰਦੇ ਹੋ? ਯਿਸੂ ਦੇ ਭਰਾ ਯਾਕੂਬ ਨੂੰ ''ਬੁੱਢੇ ਊਠ ਦੇ ਗੋਡੇ'' ਕਿਹਾ ਜਾਂਦਾ ਸੀ, ਕਿਉਂਕਿ ਉਹ ਭਰਾਵਾਂ ਲਈ ਇੰਨੀ ਵੱਧ ਦੁਆ ਕਰਦਾ ਸੀ।

ਪੌਲੁਸ ਸਰਕਾਰ ਲਈ ਦੁਆ ਕਰਦਾ ਸੀ (1 ਤਿਮੋਥਿਉਸ 2:1–3)। ਪੌਲੁਸ ਕੈਸਰ ਲਈ ਦੁਆ ਕਰਦਾ ਸੀ, ਜਿਸ ਨੇ ਬਾਅਦ ਵਿਚ ਉਸਨੂੰ ਮਰਵਾ ਦਿੱਤਾ। ਕੀ ਤੁਹਾਨੂੰ ਲੱਗਦਾ ਹੈ ਕਿ ਮਰਨ ਵਾਲੇ ਦਿਨ ਉਸ ਨੇ ਕੈਸਰ ਲਈ ਦੁਆ ਕੀਤੀ ਹੋਵੇਗੀ? ਕਿਸੇ ਨਾਲ ਸਾਡਾ ਵਿਹਾਰ ਓਨਾ ਹੀ ਚੰਗਾ ਹੋਵੇਗਾ, ਜਿੰਨੀ ਅਸੀਂ ਉਹਲਈ ਦੁਆ ਕਰਦੇ ਹਾਂ।

ਹੇ ਪ੍ਰਭੂ, ਮੇਰੀ ਰੋਜ਼ ਮਰੱਾ ਦੀ ਜ਼ਿੰਦਗੀ
ਆਪਣੇ ਆਪ ਨੂੰ ਭੁਲ ਕੇ ਅਜਿਹੀ ਜ਼ਿੰਦਗੀ ਗੁਜ਼ਾਰਨ ਵਿਚ ਮਦਦ ਕਰ,
ਕਿ ਦੁਆਵਾਂ ਲਈ ਗੋਡਿਆਂ ਤੇ ਹੋਣ ਤੇ ਵੀ
ਮੇਰੀਆਂ ਦੁਆਵਾਂ ਦੂਜਿਆਂ ਲਈ ਹੀ ਹੋਣ।

**''ਹੇ ਪ੍ਰਭੂ, ਮੇਰਾ ਯਕੀਨ ਦੁਆ ਵਿਚ ਨਹੀਂ ਹੈ। ਮੇਰਾ ਯਕੀਨ ਤੇਰੇ ਉੱਤੇ ਹੈ। ਮੈਨੂੰ ਯਕੀਨ ਨਾਲ ਦੁਆ ਕਰਨੀ ਸਿਖਾ ਦੇ।''**